بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.02.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਭਵਿੱਖਬਾਣੀ ਦੀ ਮਹਾਨਤਾ, ਵਿਆਪਕਤਾ, ਪ੍ਰਮਾਣਿਕਤਾ ਅਤੇ ਸ਼ਾਨ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਫ਼ਰਵਰੀ 2020 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਮਾਤ ਅਹਮਦੀਆ ਵਿੱਚ 20 ਫ਼ਰਵਰੀ ਦਾ ਦਿਨ 'ਮੁਸਲਿਹ ਮੌਊਦ' ਦੀ ਭਵਿੱਖਬਾਣੀ ਦੇ ਹਵਾਲੇ ਨਾਲ ਵਿਸ਼ੇਸ਼ ਰੂਪ ਵਿੱਚ ਜਾਣਿਆ ਜਾਂਦਾ ਹੈ ਅਤੇ ਜਮਾਤਾਂ ਵਿੱਚ 'ਯੌਮਿ ਮੁਸਲਿਹ ਮੌਊਦ' ਦੇ ਹਵਾਲੇ ਨਾਲ ਜਲਸੇ ਵੀ ਹੁੰਦੇ ਹਨ, ਯੌਮਿ ਮੁਸਲਿਹ ਮੌਊਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੇ ਜਨਮ ਦਿਨ ਦੀ ਖ਼ੁਸ਼ੀ ਦੀ ਯਾਦ ਵਿੱਚ ਨਹੀਂ ਮਨਾਇਆ ਜਾਂਦਾ ਸਗੋਂ ਇਕ ਭਵਿੱਖਬਾਣੀ ਦੇ ਪੂਰਾ ਹੋਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ । ਅਜਿਹੀ ਭਵਿੱਖਬਾਣੀ ਜੋ ਇਸਲਾਮ ਦੀ ਵੱਡਿਆਈ ਤੇ ਸਚੱਾਈ ਨੂੰ ਪ੍ਰਮਾਣਿਤ ਕਰਨ ਲਈ ਰੱਬ ਦੇ ਇਲਹਾਮ ਅਧੀਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀਤੀ ਸੀ ਜੋ ਹਜ਼ਰਤ ਮੁਸਲਿਹ ਮੌਊਦ ਦੇ ਜਨਮ ਤੋਂ ਤਿੰਨ ਸਾਲ ਪਹਿਲਾਂ ਕੀਤੀ ਗਈ ਸੀ, ਜਿਸ ਵਿੱਚ ਇਕ ਇਸਲਾਮ ਦੀ ਸੇਵਾ ਕਰਨ ਵਾਲੇ ਪੁਤੱਰ ਦੇ ਜਨਮ ਦੀ ਖ਼ਬਰ ਸੀ, ਜੋ ਦੁਸ਼ਮਣਾ ਲਈ ਪ੍ਰਤਖ ਨਿਸ਼ਾਨ ਦੇ ਰੂਪ ਵਿੱਚ ਪੇਸ਼ ਕੀਤੀ ਗਈ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਭਵਿੱਖਬਾਣੀ ਬਾਰੇ ਕੁਝ ਨੁਕਤੇ ਮੈਂ ਹਜ਼ਰਤ ਮੁਸਲਿਹਮ ਮੌਊਦ ਦੇ ਸ਼ਬਦਾਂ ਵਿੱਚ ਬਿਆਨ ਕਰਾਂਗਾ ਤਾਂ ਜੋ ਭਵਿੱਖਬਾਣੀ ਦੀ ਵਿਆਪਕਤਾ ਤੇ ਉਸਦੀ ਸ਼ਾਨ ਦਾ ਕੁਝ ਅਨੁਮਾਨ ਹੋਵੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ : 20 ਫ਼ਰਵਰੀ ਦੇ ਦਿਨ 1886 ਈ. ਵਿੱਚ ਇਸ ਸ਼ਹਿਰ ਹੁਸ਼ਿਆਰਪੁਰ ਵਿੱਚ ਆਪ ਇਹ ਸੰਬੋਧਨ ਹੁਸ਼ਿਆਰਪੁਰ ਵਿੱਚ ਦੇ ਰਹੇ ਸਨ, ਇਕ ਅਜਿਹਾ ਘਰ ਜੋ ਉਸ ਸਮੇਂ 'ਤਵੇਲਾ' ਅਖਵਾਉਂਦਾ ਸੀ, ਜਿਸ ਦੇ ਅਰਥ ਇਹ ਹਨ ਕਿ ਉਹ ਰਿਹਾਇਸ਼ ਦਾ ਅਸਲ ਅਸਥਾਨ ਨਹੀਂ ਸੀ, ਉਹ

ਬਕਾਇਦਾ ਘਰ ਦੇ ਰੂਪ ਵਿੱਚ ਨਹੀਂ ਸੀ, ਸਗੋਂ ਇਕ ਰਈਸ ਦੇ ਵਾਧੂ ਘਰਾਂ ਵਿੱਚੋਂ ਇਕ ਘਰ ਸੀ, ਜਿਸ ਵਿੱਚ ਸੰਭਵਤਾ ਕਦੇ ਕਦਾਈਂ ਕੋਈ ਪ੍ਰਾਹੁਣਾ ਠਹਿਰ ਜਾਂਦਾ ਹੋਵੇ ਜਾਂ ਓਥੇ ਉਹਨਾ ਨੇ ਸਟੋਰ ਬਣਾ ਰੱਖਿਆ ਹੋਵੇ ਜਾਂ ਲੋੜ ਅਨੁਸਾਰ ਪਸ਼ੂ ਬੰਨ੍ਹੇ ਜਾਂਦੇ ਹੋਣ, ਇਕ ਵਾਧੂ ਥਾਂ ਸੀ । ਕਾਦੀਆਂ ਦਾ ਇਕ ਗੁਮਨਾਮ ਵਿਅਕਤੀ, ਜਿਸਨੂੰ ਕਾਦੀਆਂ ਦੇ ਲੋਕ ਵੀ ਪੂਰੀ ਤਰ੍ਹਾਂ ਨਹੀਂ ਜਾਣਦੇ ਸਨ ਲੋਕਾਂ ਦੀ ਇਸ ਵਿਰੋਧਤਾ ਨੂੰ ਦੇਖਕੇ ਜੋ ਇਸਲਾਮ ਅਤੇ ਇਸਲਾਮ ਦੇ ਬਾਨੀ ਨਾਲ ਉਹ ਰਖੱਦੇ ਸਨ । ਆਪਣੇ ਰੱਬ ਦੀ ਇਕਾਂਤ ਵਿੱਚ ਇਬਾਦਤ ਕਰਨ ਅਤੇ ਉਸ ਦੀ ਸਹਾਇਤਾ ਤੇ ਪਖੱਤਾ ਦਾ ਨਿਸ਼ਾਨ ਮੰਗਣ ਲਈ ਆਇਆ ਅਤੇ ਚਾਲ੍ਹੀ ਦਿਨ ਲੋਕਾਂ ਤੋਂ ਅੱਡ ਰਹਿਕੇ ਉਸ ਨੇ ਆਪਣੇ ਰੱਬ ਤੋਂ ਦੁਆਵਾਂ ਮੰਗੀਆਂ । ਚਾਲ੍ਹੀ ਦਿਨ ਦੁਆਵਾਂ ਦੇ ਬਾਦ ਰੱਬ ਨੇ ਉਸਨੂੰ ਇਕ ਨਿਸ਼ਾਨ ਦਿਤੱਾ, ਉਹ ਨਿਸ਼ਾਨ ਇਹ ਸੀ ਕਿ ਮੈਂ ਨ ਕੇਵਲ ਉਹਨਾ ਵਾਦਿਆਂ ਨੂੰ ਜੋ ਮੈਂ ਤੁਹਾਡੇ ਨਾਲ ਕੀਤੇ ਹਨ ਪੂਰਾ ਕਰਾਂਗਾ ਅਤੇ ਤੁਹਾਡੇ ਨਾਂ ਨੂੰ ਦੁਨੀਆ ਦੇ ਕੰਢਿਆਂ ਤੱਕ ਪਹੁੰਚਾਵਾਂਗਾ ਸਗੋਂ ਇਸ ਵਾਦੇ ਨੂੰ ਬਹੁਤੀ ਵੱਡਿਆਈ ਨਾਲ ਪੂਰਾ ਕਰਨ ਲਈ ਮੈਂ ਤੁਹਾਨੂੰ ਇਕ ਪੁਤੱਰ ਪ੍ਰਦਾਨ ਕਰਾਂਗਾ ਜੋ ਕੁਝ ਵਿਸ਼ੇਸ਼ ਗੁਣਾ ਨਾਲ ਭਰਪੂਰ ਹੋਵੇਗਾ, ਉਹ ਇਸਲਾਮ ਨੂੰ ਦੁਨੀਆ ਦੇ ਕੰਢਿਆਂ ਤੱਕ ਫੈਲਾਏਗਾ । ਜੱਦ ਇਹ ਇਸ਼ਤਿਹਾਰ ਪ੍ਰਕਾਸ਼ਤ ਹੋਇਆ ਤਾਂ ਦੁਸ਼ਮਣਾ ਨੇ ਇਸ'ਤੇ ਇਤਰਾਜ਼ਾਂ ਦੀ ਵਰਖਾ ਕਰ ਦਿੱਤੀ ਕਿ ਅਜਿਹੀ ਭਵਿੱਖਬਾਣੀ ਦਾ ਕੀ ਭਰੋਸਾ ਕੀਤਾ ਜਾ ਸਕਦਾ ਹੈ ਕਿ ਮੇਰੇ ਘਰ ਇਕ ਲੜਕਾ ਪੈਦਾ ਹੋਵੇਗਾ, ਕੀ ਲੋਕਾਂ ਦੇ ਘਰ ਹਮੇਸ਼ਾ ਲੜਕੇ ਪੈਦਾ ਨਹੀਂ ਹੋਇਆ ਕਰਦੇ ।

ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਗੱਲ ਇਹ ਹੈ ਕਿ ਜੇਕਰ ਆਪ ਆਪਣੇ ਘਰ ਕੇਵਲ ਇਕ ਪੁਤੱਰ ਦੇ ਪੈਦਾ ਹੋਣ ਦੀ ਖ਼ਬਰ ਦਿੰਦੇ ਤਾਂ ਵੀ ਇਹ ਖ਼ਬਰ ਆਪਣੇ ਆਪ ਵਿੱਚ ਇਕ ਭਵਿੱਖਬਾਣੀ ਹੁੰਦੀ ਕਿਉਂਕਿ ਦੁਨੀਆ ਵਿੱਚ ਇਕ ਭਾਗ ਭਾਵੇਂ ਉਹ ਕਿੰਨ੍ਹਾ ਹੀ ਥੋੜਾ ਕਿਉਂ ਨ ਹੋਵੇ ਅਜਿਹੇ ਲੋਕਾਂ ਦਾ ਹੁੰਦਾ ਹੈ ਜਿੰਨ੍ਹਾ ਦੇ ਘਰ ਕੋਈ ਸੰਤਾਨ ਨਹੀਂ ਹੁੰਦੀ । ਦੂਜਾ ਜੱਦ ਆਪ ਨੇ ਇਹ ਐਲਾਨ ਕੀਤਾ ਉਸ ਸਮੇਂ ਆਪ ਦੀ ਉਮਰ 50 ਸਾਲ ਤੋਂ ਵੱਧ ਸੀ ਅਤੇ ਹਜ਼ਾਰਾਂ ਹਜ਼ਾਰ ਹੀ ਲੋਕ ਦੁਨੀਆ ਵਿੱਚ ਅਜਿਹੇ ਪਾਏ ਜਾਂਦੇ ਹਨ ਜਿੰਨ੍ਹਾ ਦੇ ਘਰਾਂ ਵਿੱਚ ਪੰਜਾਹ ਸਾਲ ਦੀ ਆਯੂ ਵਿੱਚ ਸੰਤਾਨ ਪੈਦਾ ਹੋਣ ਦਾ ਕਰਮ ਬੰਦ ਹੋ ਜਾਂਦਾ ਹੈ ਅਤੇ ਫਿਰ ਅਜਿਹੇ ਵੀ ਹੁੰਦੇ ਹਨ ਜਿੰਨ੍ਹਾ ਦੇ ਘਰਾਂ ਵਿੱਚ ਕੇਵਲ ਲੜਕੀਆਂ ਹੀ ਲੜਕੀਆਂ ਹੁੰਦੀਆਂ ਹਨ, ਫਿਰ ਅਜਿਹੇ ਵੀ ਹੁੰਦੇ ਹਨ ਜਿੰਨ੍ਹਾ ਦੇ ਘਰਾਂ ਵਿੱਚ ਲੜਕੇ ਤਾਂ ਪੈਦਾ ਹੁੰਦੇ ਹਨ ਪਰ ਪੈਦਾ ਹੋਣ ਦੇ ਥੋੜੇ ਕਾਲ ਬਾਦ ਹੀ ਮਰ ਜਾਂਦੇ ਹਨ ਅਤੇ ਇਹ ਸਾਰੀਆਂ ਸੰਭਾਵਨਾਵਾਂ ਇੱਥੇ ਮੌਜੂਦ ਸਨ । ਇਸ ਲਈ ਪਹਿਲਾਂ ਤਾਂ ਕਿਸੇ ਲੜਕੇ ਦੇ ਪੈਦਾ ਹੋਣ ਦੀ ਖ਼ਬਰ ਦੇਣਾ ਕਿਸੇ ਮਨੁੱਖ ਦੇ ਹੱਥ ਵਿੱਚ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਵਿਨੀਤੀ ਦੇ ਪੱਖੋਂ ਇਸ ਇਤਰਾਜ਼ ਨੂੰ ਸਵੀਕਾਰ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੇਕਰ ਇਹ ਮਨ ਵੀ ਲਿਆ ਜਾਏ ਕਿ ਕੇਵਲ ਕਿਸੇ ਲੜਕੇ ਦੇ ਜਨਮ ਦੀ ਖ਼ਬਰ ਦੇਣਾ ਭਵਿੱਖਬਾਣੀ ਨਹੀਂ ਅਖਵਾ ਸਕਦਾ ਤਾਂ ਪ੍ਰਸ਼ਨ ਇਹ ਹੈ ਕਿ ਮੈਂ ਕੇਵਲ ਇਕ ਲੜਕੇ ਦੇ ਜਨਮ ਦੀ ਕਦੋਂ ਖ਼ਬਰ ਦਿੱਤੀ ਹੈ । ਸਗੋਂ ਮੈਂ ਇਹ ਕਿਹਾ ਹੈ ਕਿ ਰੱਬ ਨੇ ਮੇਰੀਆਂ ਦੁਆਵਾਂ ਕੁਬੂਲ ਕਰਕੇ ਇਕ ਅਜਿਹੀ ਬਰਕਤਾਂ ਭਰਪੂਰ ਰੂਹ ਭੇਜਣ ਦਾ ਵਾਦਾ ਕੀਤਾ ਹੈ ਜਿਸ ਦੀਆਂ ਪ੍ਰਕਟ ਤੇ ਗੁਪਤ ਬਰਕਤਾਂ ਸਾਰੀ ਧਰਤੀ ਉਪੱਰ ਫੈਲ ਜਾਣਗੀਆਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਐਨਹੁ ਫ਼ਰਾਮਾਉਂਦੇ ਹਨ : ਕਈ ਲੋਕ ਕਹਿੰਦੇ ਹਨ ਕਿ ਮੁਸਲਿਹ ਮੌਊਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਿਸੇ ਭਵਿੱਖ ਦੀ ਨਸਲ ਵਿੱਚੋਂ ਤਿੰਨ ਚਾਰ ਸੌ ਸਾਲ ਦੇ ਬਾਦ ਆਏਗਾ । ਵਰਤਮਾਨ ਕਾਲ ਵਿੱਚ ਨਹੀਂ ਆ ਸਕਦਾ, ਪਰ ਉਹਨਾ ਵਿੱਚੋਂ ਕੋਈ ਵਿਅਕਤੀ ਰੱਬ ਦਾ ਖ਼ੌਫ਼ ਨਹੀਂ ਕਰਦਾ ਕਿ ਉਹ ਪੇਸ਼ਗੋਈ (ਭਵਿੱਖਬਾਣੀ) ਦੇ ਸਬਦਾਂ ਨੂੰ ਦੇਖੇ ਅਤੇ ਉਹਨਾ'ਤੇ ਗ਼ੌਰ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਲਿਖੱਦੇ ਹਨ ਕਿ ਇਸ ਸਮੇਂ ਇਸਲਾਮ'ਤੇ ਇਤਰਾਜ਼ ਕੀਤਾ ਜਾਂਦਾ ਹੈ ਕਿ ਇਸਲਾਮ ਆਪਣੇ ਅੰਦਰ ਨਿਸ਼ਾਨ ਦਿਖਾਉਣ ਦੀ ਕੋਈ ਸਮਰਥਾ ਨਹੀਂ ਰਖੱਦਾ । ਕਿਉਂਕਿ ਪੰਡਿਤ ਲੇਖਰਾਮ ਇਤਰਾਜ਼ ਕਰ ਰਿਹਾ ਸੀ ਕਿ ਜੇਕਰ ਇਸਲਾਮ ਸਚੱਾ ਹੈ ਤਾਂ ਨਿਸ਼ਾਨ ਦਿਖਾਏ, ਇੰਦਰਮਨ ਇਤਰਾਜ਼ ਕਰ ਰਿਹਾ ਸੀ ਕਿ ਜੇਕਰ ਇਸਲਾਮ ਸਚੱਾ ਹੈ ਤਾਂ ਨਿਸ਼ਾਨ ਦਿਖਾਇਆ ਜਾਏ । ਆਪ ਰੱਬ ਦੀ ਹਜ਼ੂਰੀ ਵਿੱਚ ਝੁਕੱਦੇ ਹਨ ਅਤੇ ਕਹਿੰਦੇ ਹਨ ਕਿ ਹੇ, ਖ਼ੁਦਾ ! ਤੂੰ ਅਜਿਹਾ ਨਿਸ਼ਾਨ ਦਿਖਾ ਜੋ ਇਹਨਾ ਨਿਸ਼ਾਨ ਮੰਗਣ ਵਾਲਿਆਂ ਨੂੰ ਇਸਲਾਮ ਦਾ ਕਾਇਲ ਕਰ ਦੇ, ਤੂੰ ਅਜਿਹਾ ਨਿਸ਼ਾਨ ਦਿਖਾ ਜੋ ਇੰਦਰਮਨ ਮੁਰਾਦਾਬਾਦੀ ਆਦਿ ਨੂੰ ਇਸਲਾਮ ਦਾ ਕਾਇਲ ਕਰ ਦੇਵੇ ਅਤੇ ਇਹ ਇਤਰਾਜ਼ ਕਰਤਾ ਸਾਨੂੰ ਦਸਦੇ ਹਨ ਕਿ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਰੱਬ ਦੀ ਹਜ਼ੂਰੀ ਵਿੱਚ ਇਹ ਦੁਆ ਕੀਤੀ ਤਾਂ ਰੱਬ ਨੇ ਆਪ ਨੂੰ ਇਹ ਖ਼ਬਰ ਦਿੱਤੀ ਕਿ ਅੱਜ ਤੋਂ ਤਿੰਨ ਸੌ ਸਾਲ ਬਾਦ ਅਸੀਂ ਤੁਹਾਨੂੰ ਇਕ ਪੁਤੱਰ ਪ੍ਰਦਾਨ ਕਰਾਂਗੇ ਜੋ ਇਸਲਾਮ ਦੀ ਸਚੱਾਈ ਲਈ ਨਿਸ਼ਾਨ ਹੋਵੇਗਾ । ਕੀ ਦੁਨੀਆ ਵਿੱਚ ਕੋਈ ਵੀ ਵਿਅਕਤੀ ਹੈ ਜੋ ਇਸ ਗੱਲ ਨੂੰ ਉਚਿਤ ਆਖ ਸਕੇ । ਪੰਡਿਤ ਲੇਖਰਾਮ, ਮੁੰਸ਼ੀ ਇੰਦਰਮਨ ਮੁਰਾਦਾਬਾਦੀ ਅਤੇ ਕਾਦੀਆਂ ਦੇ ਹਿੰਦੂ ਤਾਂ ਇਹ ਕਹਿ ਰਹੇ ਹਨ ਕਿ ਇਸਲਾਮ ਬਾਰੇ ਇਹ ਦਾਵਾ ਹੈ ਕਿ ਉਸ ਦਾ ਰੱਬ ਦੁਨੀਆ ਨੂੰ ਨਿਸ਼ਾਨ ਦਿਖਾਉਣ ਦੀ ਤਾਕਤ ਰਖੱਦਾ ਹੈ, ਇਹ ਇਕ ਝੂਠਾ ਤੇ ਬੇ ਬੁਨਿਆਦ ਦਾਵਾ ਹੈ । ਜੇਕਰ ਇਸ ਦਾਵੇ ਵਿੱਚ ਕੋਈ ਸਚੱਾਈ ਹੈ ਤਾਂ ਸਾਨੂੰ ਨਿਸ਼ਾਨ ਦਿਖਾਇਆ ਜਾਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰੱਬ ਦੀ ਹਜ਼ੂਰੀ ਵਿੱਚ ਝੁਕੱਦੇ ਹਨ ਅਤੇ ਕਹਿੰਦੇ ਹਨ ਕਿ ਹੇ, ਖ਼ੁਦਾ ! ਮੈਂ ਤੈਥੋਂ ਦੁਆ ਕਰਦਾ ਹਾਂ ਕਿ ਤੂੰ ਮੈਂਨੂੰ ਰਹਿਮਤ ਦਾ ਨਿਸ਼ਾਨ ਦਿਖਾ, ਤੂੰ ਮੈਂਨੂੰ ਕੁਦਰਤ ਤੇ ਨੇੜਤਾ ਦਾ ਨਿਸ਼ਾਨ ਪ੍ਰਦਾਨ ਕਰ । ਸੋ, ਇਹ ਨਿਸ਼ਾਨ ਅਜਿਹੇ ਨੇੜਲੇ ਸਮੇਂ ਵਿੱਚ ਪ੍ਰਕਟ ਹੋਣਾ ਚਾਹੀਦਾ ਸੀ, ਜੱਦ ਕਿ ਉਹ ਲੋਕ ਜੀਉਂਦੇ ਮੌਜੂਦ ਹੁੰਦੇ ਜਿੰਨ੍ਹਾ ਨੇ ਇਹ ਨਿਸ਼ਾਨ ਮੰਗਿਆ ਸੀ । ਸੋ, ਇਸੇ ਪ੍ਰਕਾਰ ਹੀ ਹੋਇਆ । 1889 ਈ. ਵਿੱਚ ਜੱਦ ਮੇਰਾ ਜਨਮ ਰੱਬ ਦੀ ਭਵਿੱਖਬਾਣੀ ਅਨੁਸਾਰ ਹੋਇਆ ਤਾਂ ਉਹ ਲੋਕ ਜੀਉਂਦੇ ਮੌਜੂਦ ਸਨ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਨਿਸ਼ਾਨ ਮੰਗਿਆ ਸੀ । ਫਿਰ ਜਿਵੇਂ ਜਿਵੇਂ ਮੈਂ ਵਡੱਾ ਹੋਇਆ ਰੱਬ ਦੇ ਨਿਸ਼ਾਨ ਬਹੁਤੇ ਪ੍ਰਕਟ ਹੁੰਦੇ ਗਏ । ਸੋ, ਇਹ ਨਿਸ਼ਾਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੀਵਨ ਵਿੱਚ ਅਤੇ ਉਹਨਾਂ ਲੋਕਾਂ ਦੇ ਜੀਵਨ ਵਿੱਚ ਜੋ ਇਸਲਾਮ'ਤੇ ਇਤਰਾਜ਼ ਕਰਦੇ ਸਨ ਪ੍ਰਕਟ ਹੋਣਾ ਜ਼ਰੂਰੀ ਸੀ, ਜਿੰਨ੍ਹਾ ਨੇ ਇਹ ਨਿਸ਼ਾਨ ਮੰਗਿਆ ਸੀ ਅਤੇ ਇਹ ਪ੍ਰਕਟ ਹੋਇਆ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਇਹ ਸ਼ਬਦ ਬੋਲਦਿਆਂ ਹੋਇਆ ਕਿ ਮੈਂ ਹੀ 'ਮੁਸਲਿਹ ਮੌਊਦ' ਹਾਂ ਪਹਿਲਾਂ ਆਪ'ਤੇ ਇਹ ਇਤਰਾਜ਼ ਸੀ ਕਿ ਆਪਨੇ ਐਲਾਨ ਨਹੀਂ ਕੀਤਾ । 1944 ਈ. ਵਿੱਚ ਆਪ ਨੇ ਇਹ ਐਲਾਨ ਕੀਤਾ । ਆਪ ਨੇ ਫ਼ਰਮਾਇਆ ਕਿ ਮੈਂ ਕਹਿੰਦਾ ਹਾਂ ਅਤੇ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਮੈਂ ਹੀ ਮੁਸਲਿਹ ਮੌਊਦ ਦੀ ਭਵਿੱਖਬਾਣੀ ਦਾ ਪ੍ਰਮਾਣਕ ਹਾਂ । ਜੋ ਵਿਕਅਤੀ ਇਹ ਸਮਝਦਾ ਹੈ ਕਿ ਮੈਂ ਝੂਠ ਤੋਂ ਕੰਮ ਲਿਆ ਹੈ ਜਾਂ ਇਸ ਬਾਰੇ ਝੂਠ ਤੇ ਅਤਿ ਕਥਨਾ ਤੋਂ ਕੰਮ ਲਿਆ ਹੈ ਉਹ ਆਏ ਅਤੇ ਇਸ ਮਾਮਲੇ ਵਿੱਚ ਮੇਰੇ ਨਾਲ ਮੁਬਾਹਿਲਾ (ਅਰਥਾਤ ਇਸਲਾਮੀ ਸ਼ਰੀਅਤ ਅਨੁਸਾਰ ਕਿਸੇ ਵਿਵਾਦਤ ਸਮੱਸਿਆ ਨੂੰ ਰੱਬ ਉਪੱਰ ਛਡੱਦਿਆਂ ਹੋਇਆ ਬਦ ਦੁਆ ਕਰਨੀ ਕਿ ਜੋ ਝੂਠਾ ਹੈ ਉਹ ਤਬਾਹ ਹੋ ਜਾਏ) ਕਰ ਲਏ । ਫਿਰ ਰੱਬ ਆਪਣੇ ਆਪ ਹੀ ਆਪਣੇ ਅਕਾਸ਼ੀ ਨਿਸ਼ਾਨਾ ਨਾਲ ਫ਼ੈਸਲਾ ਕਰ ਦੇਵੇਗਾ ਕਿ ਕੌਣ ਝੂਠਾ ਹੈ ਤੇ ਕੌਣ ਸਚੱਾ । ਪਰ ਮੁਾਬਲੇ ਲਈ ਕੋਈ ਨਹੀਂ ਆਇਆ ।

ਭਾਵ ਰੱਬ ਦੀ ਮਿਹਰ ਅਤੇ ਉਸ ਦੇ ਰਹਿਮ ਨਾਲ ਉਹ ਭਵਿੱਖਬਾਣੀ ਜਿਸਦੇ ਪੂਰਾ ਹੋਣ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ ਰੱਬ ਨੇ ਇਸ ਬਾਰੇ ਆਪਣੇ ਇਲਹਾਮ ਅਤੇ ਸੰਬੋਧਨ ਰਾਹੀਂ ਮੈਂਨੂੰ ਦੱਸ ਦਿਤੱਾ ਹੈ ਕਿ

ਭਵਿੱਖਬਾਣੀ ਮੇਰੇ ਵੁਜੂਦ ਨਾਲ ਪੂਰੀ ਹੋ ਚੁੱਕੀ ਹੈ ਅਤੇ ਹੁਣ ਇਸਲਾਮ ਦੇ ਦੁਸ਼ਮਣਾਂ'ਤੇ ਰੱਬ ਨੇ ਦਲੀਲ ਪੂਰੀ ਕਰ ਦਿੱਤੀ ਹੈ ਅਤੇ ਉਹਨਾਂ'ਤੇ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਇਸਲਾਮ ਰੱਬ ਦਾ ਸਚੱਾ ਧਰਮ ਹੈ, ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲੱਮ ਰੱਬ ਦੇ ਸੱਚੇ ਰਸੂਲ ਅਤੇ ਹਜ਼ਰਤ ਮਸੀਹ ਮੌਊਦ ਲੈਹਿ ਸਲਾਮ ਰੱਬ ਦੇ ਸੱਚੇ ਫ਼ਰਸਤਾਦੇ (ਰੱਬ ਵੱਲੋਂ ਭੇਜੇ ਹੋਏ) ਹਨ, ਝੂਠੇ ਹਨ ਉਹ ਲੋਕ ਜੋ ਇਸਲਾਮ ਨੂੰ ਝੂਠਾ ਕਹਿੰਦੇ ਹਨ ਅਤੇ ਝੂਠੇ ਹਨ ਉਹ ਲੋਕ ਜੋ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਝੂਠਾ ਕਹਿੰਦੇ ਹਨ । ਰੱਬ ਨੇ ਇਸ ਮਹਾਨ ਭਵਿੱਖਬਾਣੀ ਰਾਹੀਂ ਇਸਲਾਮ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਮਲਮ ਦੀ ਸਚੱਾਈ ਦਾ ਇਕ ਜੀਉਂਦਾ ਜਾਗਦਾ ਪ੍ਰਮਾਣ ਲੋਕਾਂ ਦੇ ਸਾਹਮਣੇ ਪੇਸ਼ ਕਰ ਦਿਤੱਾ ਹੈ ।

ਆਪ ਫ਼ਰਮਾਉਂਦੇ ਹਨ, ਭਲਾ ਕਿਸ ਦੀ ਤਾਕਤ ਸੀ ਕਿ 1886 ਈ. ਵਿੱਚ ਅੱਜ ਤੋਂ ਪੂਰੇ 58 ਸਾਲ ਪਹਿਲਾਂ ਆਪਣੇ ਵੱਲੋਂ ਇਹ ਖ਼ਬਰ ਦੇ ਸਕਦਾ ਕਿ ਉਸ ਦੇ ਘਰ ਨੌਂ ਸਾਲ ਦੇ ਕਾਲ ਵਿੱਚ ਇਕ ਲੜਕਾ ਪੈਦਾ ਹੋਵੇਗਾ ਉਹ ਛੇਤੀ ਛੇਤੀ ਵਧੇਗਾ, ਉਹ ਦੁਨੀਆ ਦੇ ਕੰਢਿਆਂ ਤੱਕ ਪ੍ਰਸਿੱਧੀ ਪ੍ਰਾਪਤ ਕਰੇਗਾ, ਉਹ ਇਸਲਾਮ ਅਤੇ ਰਸੂਲੇ ਕਰੀਮ ਸਲਲੱਾਹੁ ਅਲਹਿ ਵਸਲਮ ਦਾ ਨਾਂ ਦੁਨੀਆ ਵਿੱਚ ਫੈਲਾਏਗਾ । ਉਹ ਪ੍ਰਕਟ ਤੇ ਗੁਪਤ ਗਿਆਨ ਨਾਲ ਭਰਪੂਰ ਕੀਤਾ ਜਾਏਗਾ, ਉਹ ਇਲਾਹੀ ਜਲਾਲ ਦੇ ਪ੍ਰਦਰਸ਼ਨ ਦਾ ਸਬਬ ਹੋਵੇਗਾ ਅਤੇ ਰੱਬ ਦੀ ਕੁਦਰਤ ਅਤੇ ਉਸਦੀ ਨੇੜਤਾ ਅਤੇ ਉਸਦੀ ਰਹਿਮਤ ਦਾ ਇਕ ਜੀਉਂਦਾ ਨਿਸ਼ਾਨ ਹੋਵੇਗਾ । ਇਹ ਖ਼ਬਰ ਦੁਨੀਆ ਦਾ ਕੋਈ ਵਿਅਕਤੀ ਆਪਣੇ ਕੋਲੋਂ ਨਹੀਂ ਦੇ ਸਕਦਾ ਸੀ । ਰੱਬ ਨੇ ਇਹ ਖ਼ਬਰ ਦਿੱਤੀ ਅਤੇ ਇਸੇ ਰੱਬ ਨੇ ਇਸ ਖ਼ਬਰ ਨੂੰ ਪੂਰਾ ਵੀ ਕੀਤਾ, ਇਸ ਮਨੁੱਖ ਰਾਹੀਂ, ਆਪ ਆਪਣੇ ਬਾਰੇ ਫ਼ਰਮਾਉਂਦੇ ਹਨ ਕਿ ਇਸ ਖ਼ਬਰ ਨੂੰ ਪੂਰਾ ਕੀਤਾ ।

ਸੋ, ਇਹ ਕੋਈ ਸਾਧਾਰਣ ਐਲਾਨ ਨਹੀਂ ਸੀ । ਆਪ ਦਾ 52 ਸਾਲਾ ਖ਼ਿਲਾਫ਼ਤ ਦਾ ਸਮਾਂ ਅਤੇ ਉਸ ਦਾ ਹਰ ਦਿਨ ਇਸ ਮਹਾਨਤਾ ਨੂੰ ਪ੍ਰਕਟ ਕਰ ਰਿਹਾ ਹੈ । ਫਿਰ ਆਪ ਫ਼ਰਮਾਉਂਦੇ ਹਨ ਕਿ ਮੇਰੇ ਮਿਤੱਰੋ ! ਮੈਂ ਆਪਣੇ ਲਈ ਕਿਸੇ ਸਨਮਾਨ ਦਾ ਇਛੁੱਕ ਨਹੀਂ, ਨ ਹੀ ਜੱਦ ਤੱਕ ਰੱਬ ਮੇਰੇ ਉਪੱਰ ਪ੍ਰਕਟ ਕਰੇ ਮੈਂ ਕਿਸੇ ਹੋਰ ਲੰਮੀ ਉਮਰ ਦਾ ਆਸ਼ਾਵਾਨ ਹਾਂ । ਮੈਂ ਕਾਮਲ ਯਕੀਨ ਰਖੱਦਾ ਹਾਂ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਅਤੇ ਇਸਲਾਮ ਦੇ ਸਨਮਾਨ ਦੇ ਸਥਾਪਨ'ਚ ਅਤੇ ਦੁਬਾਰਾ ਇਸਲਾਮ ਨੂੰ ਆਪਣੇ ਪੈਰ੍ਹਾਂ'ਤੇ ਖੜਾ ਕਰਨ'ਚ ਅਤੇ ਮਸੀਹੀਯਤ ਨੂੰ ਪੈਰ੍ਹਾਂ ਹੇਠ ਮਧੋਲਣ ਵਿੱਚ ਮੇਰੇ ਬੀਤੇ ਜਾਂ ਭਵਿੱਖ ਦੇ ਕਾਰਜਾਂ ਦਾ ਇੰਸ਼ਾਅਲੱਾਹ ਬਹੁਤ ਹਿਸੱਾ ਹੋਵੇਗਾ ਅਤੇ ਉਹ ਅੱਡੀਆਂ ਜੋ ਸ਼ੈਤਾਨ ਦਾ ਸਿਰ ਕੁਚੱਲਣਗੀਆਂ ਅਤੇ ਮਸੀਹੀਯਤ ਦਾ ਅੰਤ ਕਰਨਗੀਆਂ ਉਹਨਾ ਵਿੱਚੋਂ ਇਕ ਅੱਡੀ ਮੇਰੀ ਵੀ ਹੋਵੇਗੀ । ਇੰਸ਼ਾਅਲੱਾਹ ।

ਫਿਰ ਆਪ ਫ਼ਰਮਾਉਂਦੇ ਹਨ ਕਿ ਮੈਂ ਇਸ ਮੌਕੇ'ਤੇ ਜਿੱਥੇ ਆਪਨੂੰ ਇਹ ਖ਼ੁਸ਼ਖ਼ਬਰੀ ਦਿੰਦਾ ਹਾਂ ਕਿ ਰੱਬ ਨੇ ਆਪਦੇ ਸਾਹਮਣੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਭਵਿੱਖਬਾਣੀ ਨੂੰ ਪੂਰਾ ਕਰ ਦਿਤੱਾ ਜੋ ਮੁਸਲਿਹ ਮੌਊਦ ਨਾਲ ਸੰਬੰਧ ਰਖੱਦੀ ਸੀ, ਉੱਥੇ ਮੈਂ ਆਪ ਲੋਕਾਂ ਨੂੰ ਉਹਨਾ ਜ਼ਿੰਮੇਦਾਰੀਆਂ ਵੱਲ ਵੀ ਧਿਆਨ ਦੁਆਉਂਦਾ ਹਾਂ ਕਿ ਆਪ ਦਾ ਪਹਿਲਾ ਕਰਤਵ ਇਹ ਹੈ ਕਿ ਆਪ ਆਪਣੇ ਅੰਦਰ ਪਰਿਵਰਤਨ ਪੈਦਾ ਕਰਨ ਅਤੇ ਆਪਣੇ ਰਕਤ ਦੀ ਅਖੀਰੀ ਬੂੰਦ ਤੱਕ ਇਸਲਾਮ ਅਤੇ ਅਹਮਦੀਅਤ ਦੀ ਫ਼ਤਹ ਲਈ ਵਹਾਉਣ ਲਈ ਤਿਆਰ ਹੋ ਜਾਣ । ਬੇਸ਼ਕ ਤੁਸੀਂ ਖ਼ੁਸ਼ੀਆਂ ਮਨਾਓ ਕਿ ਰੱਬ ਨੇ ਇਸ ਪੇਸ਼ਗੋਈ ਨੂੰ ਪੂਰਾ ਕੀਤਾ, ਪਰ ਮੈਂ ਕਹਿੰਦਾ ਹਾਂ ਕਿ ਇਸ ਖ਼ੁਸ਼ੀ ਵਿੱਚ ਤੁਸੀਂ ਆਪਣੀਆਂ ਜ਼ਿੰਮੇਦਾਰੀਆਂ ਨੂੰ ਭੁੱਲ ਨ ਜਾਣਾ, ਜਿਵੇਂ ਮੈਂਨੰ ਰੱਬ ਨੇ ਸੁਪਨੇ ਵਿੱਚ ਦਿਖਾਇਆ ਹੈ ਕਿ ਮੈਂ ਤੇਜ਼ੀ ਨਾਲ

ਦੌੜਦਾ ਜਾ ਰਿਹਾ ਹਾਂ ਅਤੇ ਧਰਤੀ ਮੇਰੇ ਪੈਰ੍ਹਾਂ ਹੇਠ ਸਿਮਟਦੀ ਜਾ ਰਹੀ ਹੈ ਇਸੇ ਪ੍ਰਕਾਰ ਰੱਬ ਨੇ ਇਲਹਾਮ ਰਾਹੀਂ ਮੇਰੇ ਬਾਰੇ ਇਹ ਖ਼ਬਰ ਦਿੱਤੀ ਹੈ ਕਿ ਮੈਂ ਛੇਤੀ ਛੇਤੀ ਵਧਾਂਗਾ । ਸੋ, ਮੇਰੇ ਲਈ ਇਹੋ ਮੁਕਦੱਰ ਹੈ ਕਿ ਮੈਂ ਝੱਟ ਤੇ ਤੀਬਰਤਾ ਨਾਲ ਆਪਣੇ ਕਦਮ ਪ੍ਰਗਤੀ ਦੇ ਖੇਤਰ ਵਿੱਚ ਵਧਾਉਂਦਾ ਜਾਵਾਂ । ਪਰ ਇਸ ਦੇ ਨਾਲ ਹੀ ਆਪ ਲੋਕਾਂ'ਤੇ ਵੀ ਇਹ ਕਰਤਵ ਲਾਗੂ ਹੁੰਦਾ ਹੈ ਕਿ ਆਪਣੇ ਕਦਮਾ ਨੂੰ ਤੇਜ਼ ਕਰਨ ਅਤੇ ਆਪਣੀ ਸੁਸਤੀਆਂ ਨੂੰ ਤਿਆਗ ਦੇਣ । ਜੇਕਰ ਤਰੱਕੀ ਕਰਨਾ ਚਾਹੁੰਦੇ ਹੋ, ਜੇਕਰ ਤੁਸੀਂ ਆਪਣੀ ਜ਼ਿੱਮੇਦਾਰੀ ਨੂੰ ਚੰਗੀ ਤਰ੍ਹਾਂ ਸਮਝਦੇ ਹੋ ਤਾਂ ਕਦਮ ਕਦਮ ਤੇ ਨਾਲੋ ਨਾਲ ਮੇਰੇ ਨਾਲ ਅੱਗੇ ਵਧੱਦੇ ਜਾਓ ਤਾਂ ਜੋ ਅਸੀਂ ਕੁਫ਼ਰ ਦੇ ਦਿਲਾਂ ਵਿੱਚ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਝੰਡਾ ਗੱਡ ਦੇਈਏ ਅਤੇ ਝੂਠ ਨੂੰ ਹਮੇਸ਼ਾ ਲਈ ਦੁਨੀਆ ਵਿੱਚੋਂ ਮਿਟਾ ਦੇਈਏ ਅਤੇ ਇੰਸ਼ਾਅਲੱਾਹ ਅਜਿਹਾ ਹੀ ਹੋਵੇਗਾ । ਧਰਤੀ ਤੇ ਅਕਾਸ਼ ਟੱਲ ਸਕਦੇ ਹਨ ਪਰ ਰੱਬ ਦੀਆਂ ਗਲੱਾਂ ਕਦੇ ਨਹੀਂ ਟੱਲ ਸਕਦੀਆਂ ।

ਹਜ਼ੂਰ ਅਨਵਰ ਨੇ ਫ਼ਰਮਇਆ : ਅਲੱਾਹ ਤਆਲਾ ਸਾਨੂੰ ਸੰਜੋਗ ਪ੍ਰਦਾਨ ਕਰੇ ਕਿ ਅਸੀਂ ਕੰਮ ਕਰਨ ਵਾਲੇ ਹੋਈਏ । ਕੇਵਲ ਜਲਸਾ ਮੁਸਲਿਹ ਮੌਊਦ ਮਨਾ ਲੈਂਣ ਵਾਲੇ ਨ ਹੋਈਏ । ਇਸਲਾਮ ਦੇ ਪੈਗ਼ਾਮ ਨੂੰ ਦੁਨੀਆਂ ਵਿੱਚ ਫੈਲਾਉਣ ਵਾਲੇ ਹੋਈਏ ਅਤੇ ਇਸੇ ਗੱਲ'ਤੇ ਖ਼ੁਸ਼ ਨ ਹੋ ਜਾਈਏ ਕਿ ਅਸੀਂ ਜਲਸੇ ਮਨਾ ਰਹੇ ਹਾਂ, ਵਾਸਤਵ ਵਿੱਚ ਅਸੀਂ ਇਸ ਮਿਸ਼ਨ ਨੂੰ ਅੱਗੇ ਵਧਾਉਣ ਵਾਲੇ ਹੋਈਏ, ਇਸ ਕੰਮ ਨੂੰ ਅੱਗੇ ਵਧਾਉਣ ਵਾਲੇ ਹੋਈਏ, ਜਿਸ ਕੰਮ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਭੇਜਿਆ ਸੀ ਅਤੇ ਜਿਸ ਕੰਮ ਲਈ ਆਪ ਨੇ ਅਸੰਖ ਭਵਿੱਖਬਾਣੀਆਂ ਵੀ ਕੀਤੀਆਂ ਅਤੇ ਮੁਸਲਿਹ ਮੌਊਦ ਦੀ ਭਵਿੱਖਬਾਣੀ ਵੀ ਉਹਨਾ ਵਿੱਚੋਂ ਇਕ ਭਵਿੱਖਬਾਣੀ ਹੈ ।

ਭਾਵ ਇਹ ਫ਼ਰਮਾਇਆ : ਇਕ ਆਪ ਦੇ ਕਾਰਜਾਂ ਬਾਰੇ ਵੀ ਸੰਖੇਪ ਜਿਹੀ ਕੇਵਲ ਇਕ ਗੱਲ ਇੱਥੇ ਜ਼ਿਕਰ ਕਰ ਦਿੰਦਾ ਹਾਂ ਕਿ ਪੇਸ਼ਗੋਈ ਵਿੱਚ ਸ਼ਬਦ ਹਨ ਕਿ ਪ੍ਰਕਟ ਤੇ ਗੁਪਤ ਗਿਆਨ ਨਾਲ ਭਰਪੂਰ ਕੀਤਾ ਜਾਏਗਾ ਅਤੇ ਉਸ ਦੀ ਇਕ ਝਲਕ ਜੋ ਹੈ ਜੋ ਆਪਦੇ ਕਾਰਜ ਹਨ ਉਹਨਾ ਵਿੱਚੋਂ ਇਕ ਦੱਸ ਦਿੰਦਾ ਹਾਂ ਆਪਨੂੰ :

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀਆਂ ਕਿਤਾਬਾਂ ਤੇ ਭਾਸ਼ਣਾ ਦਾ ਸੰਗ੍ਰਿਹ ਅਨਵਾਰੁਲ ਉਲੂਮ ਪ੍ਰਕਾਸ਼ਤ ਹੋ ਰਿਹਾ ਹੈ, ਬਹੁਤ ਸਾਰੇ ਭਾਗ ਪ੍ਰਕਾਸ਼ਤ ਹੋ ਚੁਕੇ ਹਨ । ਜੋ ਉਰਦੂ ਪੜ੍ਹਨਾ ਜਾਣਦੇ ਹਨ ਉਹਨਾ ਨੂੰ ਪੜ੍ਹਨਾ ਚਾਹੀਦਾ ਹੈ । ਇਸ ਸਮੇਂ ਅਨਵਾਰੁਲ ਉਲੂਮ ਦੇ 26 ਭਾਗ ਪ੍ਰਕਾਸ਼ਤ ਹੋ ਚੁੱਕੇ ਹਨ, ਇਹਨਾ 26 ਭਾਗਾਂ ਵਿੱਚ ਕੁਲ ਛੇ ਸੌ ਸਤੱਰ ਪੁਸਤਕਾਂ, ਲੈਕਚਰ ਤੇ ਭਾਸ਼ਣ ਆ ਚੁੱਕੇ ਹਨ । ਖ਼ੁਤਬਾਤੇ ਮਹਮੂਦ ਦੀਆਂ ਇਸ ਸਮੇਂ ਤੱਕ 39 ਜਿਲਦਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿੰਨ੍ਹਾ ਵਿੱਚ 1959 ਈ. ਤੱਕ ਦੇ ਖ਼ੁਤਬੇ ਪ੍ਰਕਸ਼ਤ ਹੋ ਗਏ ਹਨ । ਇਹਨਾ ਜਿਲਦਾਂ ਵਿੱਚ 2367 ਖ਼ੁਤਬੇ ਸ਼ਾਮਲ ਹਨ । ਤਫ਼ਸੀਰੇ ਸਗ਼ੀਰ 1071 ਪੰਨ੍ਹਿਆਂ'ਤੇ ਅਧਾਰਤ ਹੈ, ਤਫ਼ਸੀਰੇ ਕਬੀਰ ਦੱਸ ਜਿਲਦਾਂ ਵਿੱਚ ਫੈਲੀ ਹੋਈ ਹੈ ਇਸ ਵਿੱਚ ਕੁਰਆਨ ਕਰੀਮ ਦੀਆਂ 59 ਸੂਰਤਾਂ ਦੀ ਵਿਆਖਿਆ ਬਿਆਨ ਕੀਤੀ ਗਈ ਹੈ । ਤਫ਼ਸੀਰੇ ਕਬੀਰ ਦੀਆਂ ਦੱਸ ਜਿਲਦਾਂ ਦੇ ਪੰਨ੍ਹਿਆਂ ਦੀ ਗਿਣਤੀ 5907 ਹੈ । ਅਣਪ੍ਰਕਾਸ਼ਤ ਵਿਆਖਿਆ, ਹਜ਼ਰਤ ਮੁਸਲਿਹ ਮੌਊਦ ਦੇ ਦਰਸੁਲ ਕੁਰਆਨ ਜੋ ਕਿ ਅਣਪ੍ਰਕਾਸ਼ਤ ਸਨ ਉਹ ਰਿਸਰਚ ਸੈਲ ਨੇ ਕੰਪੋਜ਼ ਕਰਨ ਦੇ ਬਾਦ ਫ਼ਜ਼ਲੇ ਉਮਰ ਫ਼ਾਉਂਡੇਸ਼ਨ ਦੇ ਸੁਪੁਰਦ ਕਰ ਦਿੱਤੇ ਹਨ । ਇਸ ਦੇ ਪੱਨ੍ਹਿਆਂ ਦੀ ਸੰਖਿਆ 3094 ਹੈ । ਇਸ ਦੇ ਬਾਦ ਹੁਣ ਮੈਂ ਰਿਸਰਚ ਸੈਲ ਨੂੰ ਕਿਹਾ ਸੀ ਕਿ ਹਜ਼ਰਤ ਮੁਸਲਿਹ ਮੌਊਦ ਦੀਆਂ ਲੇਖਣੀਆਂ ਅਤੇ ਫ਼ਰਮਾਨਾ ਵਿੱਚੋਂ ਕੁਰਆਨ ਕਰੀਮ ਦੀ ਵਿਆਖਿਆ ਇਕੱਠੀ ਕੀਤੀ ਜਾਏ. ਜਿਸ'ਤੇ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਹੁਣ ਤੱਕ ਨੌ ਹਜ਼ਾਰ ਪੰਨ੍ਹਿਆਂ'ਤੇ ਅਧਾਰਤ ਵਿਆਖਿਆ ਕੱਢੀ ਜਾ ਚੁੱਕੀ ਹੈ ਅਤੇ ਇਸ'ਤੇ ਹੋਰ ਵਧੇਰੇ ਕੰਮ ਹੋ ਰਿਹਾ ਹੈ । ਇਹ ਤਾਂ ਹੈ ਇਕ ਸੰਖੇਪ ਜਿਹਾਂ ਅਵਲੋਕਣ ਆਪਦੇ ਕੰਮਾ

ਦਾ। ਰੱਬ ਦੀਆਂ ਹਜ਼ਾਰਾਂ ਹਜ਼ਾਰ ਰਹਿਮਤਾਂ ਹੋਣ ਆਪ ਉਪੱਰ ਅਤੇ ਹਰ ਪੱਲ ਰੱਬ ਆਪਦੇ ਦਰਜਿਆਂ ਨੂੰ ਬੁਲੰਦ ਕਰਦਾ ਚਲਾ ਜਾਏ ਅਤੇ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਪੁਤੱਰ ਵਾਂਗ ਇਸਲਾਮ ਦੇ ਪ੍ਰਕਾਸ਼ਨਾ ਦੇ ਦਰ ਆਪਣੇ ਦਿਲ ਵਿੱਚ ਵੀ ਪੈਦਾ ਕਰਨ ਵਾਲੇ ਹੋਈਏ ਅਤੇ ਇਸਲਾਮ ਦੀ ਸੇਵਾ ਲਈ ਅਸੀਂ ਹਰ ਸਮੇਂ ਤਿਆਰ ਬਰ ਤਿਆਰ ਅਤੇ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਈਏ ਜੋ ਧਰਮ ਦੀ ਸੇਵਾ ਕਰਨ ਵਾਲੇ ਹੋਣ ਨ ਕਿ ਉਹਨਾ ਲੋਕਾਂ ਵਿੱਚੋਂ ਜਿੰਨ੍ਹਾ ਬਾਰੇ ਹਜ਼ਰਤ ਮੁਸਲਿਹ ਮੌਊਦ ਨੇ ਫ਼ਰਮਾਇਆ ਸੀ ਕਿ

'ਆਪਕੇ ਵਕਤ ਮੇਂ ਯਿਹ ਸਿਲਸਿਲਾ ਬਦਨਾਮ ਨ ਹੋ'

ਰੱਬ ਨ ਕਰੇ ਕਿ ਇਹ ਸਿਲਸਿਲਾ ਬਦਨਾਮ ਕਰਨ ਵਾਲੇ ਹੋਈਏ ਸਗੋਂ ਸੇਵਾ ਵਿੱਚ ਅੱਗੇ ਤੋਂ ਅੱਗੇ ਵਧੱਦੇ ਜਾਣ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਦੋ ਨਮਾਜ਼ ਜਨਾਜ਼ੇ ਵੀ ਪੜ੍ਹਾਵਾਂਗਾ । ਇਕ ਹੈ ਮੁਹਤਰਮਾ ਮਰਯੱਮ ਅਲਜ਼ਬਿੱਥ ਸਾਹਿਬਾ ਦਾ, ਜੋ ਮੁਕਰੱਮ ਵ ਮੁਹਤਰਮ ਮਲਕ ਉਮਰ ਅਲੀ ਖੋਖਰ ਸਾਹਬ ਰਈਸ ਮੁਲਤਾਨ ਅਤੇ ਸਾਬਕਾ ਅਮੀਰ ਮੁਲਤਾਨ ਦੀ ਦੂਜੀ ਪਤਨੀ ਸਨ । ਛਿਆਸੀ ਸਾਲ ਦੀ ਉਮਰ ਵਿੱਚ ਇਕ ਹਾਦਸੇ ਕਰਕੇ ਇਹਨਾ ਦੀ ਵਫ਼ਾਤ ਹੋਈ ਹੈ । اناللهواناالیہراجعون۔ ।

ਦੂਜਾ ਨਮਾਜ਼ ਜਨਾਜ਼ਾਹ ਜਾਹਿਦ ਫ਼ਾਰਸ ਅਹਮਦ ਦਾ ਹੈ ਜੋ ਬਾਰ੍ਹਾਂ ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਿਆ ਹੈ । اناللهواناالیہراجعون۔ । ਇਹ ਤਾਰਿਕ ਨੂਰੀ ਅਤੇ ਅਤੀਯਾਤੁਲ ਅਜ਼ੀਜ਼ ਖ਼ੁਦੇਜਾ ਦਾ ਬੇਟਾ ਸੀ । ਜਾਹਿਦ ਦੇ ਨਾਨਾ ਫ਼ਾਰੂਕ ਅਹਮਦ ਖ਼ਾਨ ਹਨ ਜੋ ਨਵਾਬ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਦੇ ਪੋਤੇ ਹਨ । ਜਨਰੇਟਰ ਵਿੱਚ ਘਰ ਵਿੱਚ ਅੱਗ ਲਗੱਣ ਕਰਕੇ ਇਸ ਨੂੰ ਵੀ ਅੱਗ ਲੱਗੀ ਅਤੇ ਜ਼ਖਮੀ ਹੋ ਗਿਆ । ਠੀਕ ਹੋ ਰਿਹਾ ਸੀ ਪਰ ਫਿਰ ਕੋਈ ਇੰਫ਼ੈਕਸ਼ਨ ਵੱਧ ਗਿਆ ਅਤੇ ਫਿਰ ਹਸਪਤਾਲ ਵਿੱਚ ਹੀ ਇਸਦੀ ਵਫ਼ਾਤ ਹੋ ਗਈ । ਇਸ ਉਮਰ ਦੇ ਬੱਚੇ ਤਾਂ ਸਵਰਗੀ ਤਾਂ ਹੁੰਦੇ ਹੀ ਹਨ । ਅਲੱਾਹ ਤਆਲਾ ਇਸ ਨੂੰ ਆਪਣੇ ਪਿਆਰਿਆਂ ਦੀ ਨੇੜਤਾ ਵਿੱਚ ਥਾਂ ਦੇਵੇ । ਇਸ ਦੇ ਦਰਜਿਆਂ ਨੂੰ ਬੁਲੰਦ ਕਰਦਾ ਰਹੇ ਅਤੇ ਮਾਂ ਤੇ ਨਾਨਾ ਨਾਨੀ ਨੂੰ ਵੀ ਸਬਰ ਤੇ ਹੌਂਸਲਾ ਪ੍ਰਦਾਨ ਕਰੇ ।

**Khulasa Khutba Jumma 21.02.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131